**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ-104-106, ਸੈਕਟਰ- 34 ਅ,**
**ਫੋਨ ਨੰ: 2623207, 2621106,2624673, ਚੰਡੀਗੜ੍ਹ**
**ਫੈਕਸ ਨੰ: 2624687, 2323206**

ਵੱਲ

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜ਼ਿਲਾ ਸਿੱਖਿਆ ਅਫਸਰ (ਐ.ਸਿ.)
ਸਕੂਲ ਮੁਖੀ (ਵੈਬ ਸਾਈਟ ਰਾਹੀਂ)
ਪੰਜਾਬ ।
ਮੀਮੋ ਨੰ: 2/1-_CT—09/DIET/053971-054010
ਮਿਤੀ : 20 ਅਗਸਤ, 2010

ਵਿਸਾ : **ਸਕੂਲਾਂ ਵਿਚ ਕੰਪਿਊਟਰ ਟ੍ਰੇਨਿੰਗ ਹਾਸਲ ਕਰਨ ਤੋਂ ਬਾਅਦ, ਕਲਰਕਾਂ ਤੋਂ ਟਾਈਪਿੰਗ ਦਾ ਕੰਮ ਕਰਵਾਊਣ ਬਾਰੇ ।**

1. ਉਪਰੋਕਤ ਵਿਸ਼ੇ ਵਲ ਧਿਆਨ ਦੇਵੋ ਜੀ ।

2. ਜਿਵੇਂ ਕਿ ਆਪ ਨੂੰ ਪਤਾ ਹੈ ਕਿ ਹਾਲ ਵਿਚ ਅਤੇ ਪਹਿਲਾਂ ਵੀ ਸਾਰੇ ਕਲਰਕਾਂ ਨੂੰ ਕੰਪਿਊਟਰ ਟ੍ਰੇਨਿੰਗ ਦਿਤੀ ਜਾ ਚੁੱਕੀ ਹੈ । ਹੁਣ ਇਹ ਜਰੂਰੀ ਹੈ ਕਿ ਸਕੂਲ ਦਾ ਟਾਈਪਿੰਗ ਦਾ ਸਾਰਾ ਕੰਮ ਕਲਰਕਾਂ ਦੁਆਰਾ ਹੀ ਕੀਤਾ ਜਾਣਾ ਚਾਹੀਦਾ ਹੈ ਅਤੇ ਕੰਪਿਊਟਰ ਟੀਚਰਾਂ ਨੂੰ ਟਾਈਪਿੰਗ ਦੇ ਕੰਮ ਲਈ ਘੱਟ ਤੋਂ ਘੱਟ ਜਿੰਮੇਵਾਰੀ ਦਿਤੀ ਜਾਣੀ ਚਾਹੀਦੀ ਹੈ। ਪ੍ਰੰਤੂ ਸਕੂਲ ਮੁਖੀ ਕੰਮ ਦੀ ਉਚਿਤਤਾ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਧਿਆਨ ਵਿਚ ਰਖਦਿਆਂ ਆਪਣੇ ਪਧੱਰ ਤੇ ਫੈਸਲਾ ਲੈਣ ਅਤੇ ਇਹ ਯਕੀਨੀ ਬਣਾਉਣ ਕਿ ਸਕੂਲਾਂ ਵਿਚ ਤੈਨਾਤ ਕਲਰਕ ਆਪਣਾ ਕੰਮ ਨਿਯਮਿਤ ਰੂਪ ਵਿਚ ਕਰਨ ।

3. ਬੇਨਤੀ ਹੈ ਕਿ ਸਾਰੇ ਸਕੂਲ ਮੁਖੀ ਉਕਤ ਹਦਾਇਤਾਂ ਤੇ ਪੂਰੀ ਤਰਾਂ ਅਮਲ ਕੀਤੇ ਜਾਣ ਨੂੰ ਯਕੀਨੀ ਬਣਾਉਣ । ਜਿਲਾਂ ਸਿੱਖਿਆ ਅਫਸਰਾਂ ਨੂੰ ਸਕੂਲਾਂ ਦੇ ਨਿਰੀਖਣ ਦੌਰਾਨ ਇਸ ਵਿਸ਼ੇ ਤੇ ਖਾਸ ਧਿਆਨ ਦੇਣ ਦੀ ਜਰੂਰਤ ਹੈ ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**